Public
Health
Division

# ਮੈਨਿੰਨਜੋਕੋਕੱਲ ਸੀ-ਕੰਜੂਗੇਟ (Meningococcal C-Conjugate) ਵੈਕਸੀਨ

ਤੱਥਾਂ ਦੀ ਇਹ ਸ਼ੀਟ ਸਿਰਫ ਬੁਨਿਆਦੀ ਜਾਣਕਾਰੀ ਮੁਹੱਈਆ ਕਰਦੀ ਹੈ। ਇਸ ਨੂੰ ਕਦੀ ਵੀ ਡਾਕਟਰੀ ਮਸ਼ਵਰੇ, ਤਸ਼ਖੀਸ ਜਾਂ ਇਲਾਜ ਦੀ ਜਗ੍ਹਾ ਨਹੀਂ ਵਰਤਣਾ ਚਾਹੀਦਾ। ਤੁਹਾਡੇ ਮਨ ਵਿੱਚ ਜੇ ਕਰ ਸਿਹਤ ਸੰਬੰਧੀ ਕੋਈ ਵੀ ਚਿੰਤਾਵਾਂ ਹੋਣ, ਅਤੇ ਆਪਣੀ ਖੁਰਾਕ, ਜੀਵਨ-ਸ਼ੈਲੀ ਜਾਂ ਇਲਾਜ ਵਿੱਚ ਕੋਈ ਵੀ ਤਬਦੀਲੀ ਕਰਨ ਤੋਂ ਪਹਿਲਾਂ ਆਪਣੇ ਸਿਹਤ ਸੇਵਾ ਮਾਹਿਰ ਨਾਲ ਗੱਲ ਕਰ ਲਵੋ।

## ਹਮਲਾਵਰ ਮੈਨਿੰਨਜੋਕੋਕੱਲ ਬਿਮਾਰੀ (ਆਈ.ਐੱਮ.ਡੀ. — invasive meningococcal disease, IMD) ਤੋਂ ਬੱਚਿਆਂ ਨੂੰ ਕਿਵੇਂ ਬਚਾਇਆ ਜਾਂਦਾ ਹੈ?

ਛੂਤ ਦੀਆਂ ਕੁੱਝ ਅਤਿ ਗੰਭੀਰ ਬਿਮਾਰੀਆਂ ਦੇ ਖਿਲਾਫ ਵੈਕਸੀਨਾਂ ਜਾਂ ਟੀਕੇ ਸੁਰੱਖਿਆ ਦਾ ਸਭ ਤੋਂ ਵਧੀਆ ਉਪਾਅ ਹਨ। ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇੰਮਯੂਨਾਈਜ਼ੇਸ਼ਨ (ਐੱਨ.ਏ.ਸੀ.ਆਈ. — National Advisory Committee on Immunization, NACI) ਨਿੱਤਾਪ੍ਰਤੀ ਦੇ ਟੀਕਾਕਰਣ ਦੀ ਜ਼ੋਰਦਾਰ ਸਿਫਾਰਿਸ਼ ਕਰਦੀ ਹੈ।

ਮੈਨਿੰਨਜੋਕੋਕੱਲ ਸੀ-ਕੰਜੂਗੇਟ ਦਵਾਈ ਬੱਚਿਆਂ ਨੂੰ ਆਈ.ਐੱਮ.ਡੀ. ਸੀਰੋਗਰੁੱਪ ਸੀ (ਆਈ.ਐੱਮ.ਡੀ.- ਸੀ. — IMD Serogroup C / IMD- C) ਅਤੇ ਇਸ ਦੀਆਂ ਗੰਭੀਰਤਾਵਾਂ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ।

## ਹਮਲਾਵਰ ਮੈਨਿੰਨਜੋਕੋਕੱਲ (ਆਈ.ਐੱਮ.ਡੀ.) ਬਿਮਾਰੀ ਕੀ ਹੈ?

ਆਈ.ਐੱਮ.ਡੀ. ਇੱਕ ਗੰਭੀਰ ਬਿਮਾਰੀ ਹੈ ਜੋ ਜੀਵਾਣੂਆਂ ਦੀ ਇੱਕ ਵਿਸ਼ੇਸ਼ ਭਾਂਤ ਨਾਈਸੇਰੀਆ ਮੈਨਿੰਜਾਈਟੀਡਿਸ ਵੱਲੋਂ ਪੈਦਾ ਕੀਤੀ ਜਾਂਦੀ ਹੈ। ਆਈ.ਐੱਮ.ਡੀ. ਪੈਦਾ ਕਰਨ ਵਾਲੇ ਜੀਵਾਣੂ ਕਈ ਭਾਂਤ (ਸੀਰੋਗਰੁੱਪਾਂ) ਦੇ ਹਨ; ਸੀਰੋਗਰੁੱਪ (ਸੀਰੋਗਰੁੱਪ — serogroups) ਏ.,ਬੀ.,ਸੀ., ਡਬਲਯੂ.-135 ਅਤੇ ਵਾਈ. ਸਭ ਤੋਂ ਵਧੇਰੇ ਲੱਭਦੇ ਹਨ।

ਆਈ.ਐੱਮ.ਡੀ.ਪਹਿਲਾਂ ਸਿਹਤਮੰਦ ਰਹੇ ਹਰ ਉਮਰ ਦੇ ਵਿਅਕਤੀਆਂ ਨੂੰ ਅਕਸਰ ਪ੍ਰਭਾਵਿਤ ਕਰਦੀ ਹੈ। ਉਹ ਬੜੀ ਜਲਦੀ ਸਖਤ ਬਿਮਾਰ ਹੋ ਸਕਦੇ ਹਨ। ਆਈ.ਐੱਮ.ਡੀ. ਨਾਲ ਖੂਨ ਵਿੱਚ (ਸੈਪਟੀਸੇਮੀਆ — septicaemia), ਅਤੇ ਦਿਮਾਗ ਅਤੇ ਸੁਖਮਨਾ ਨਾੜੀ ਦੀ ਝਿੱਲੀ (ਮੈਨਿੰਨਜਾਈਟਿਸ — meningitis) ਵਿੱਚ ਛੂਤ ਦੀਆਂ ਬਹੁਤ ਗੰਭੀਰ ਬਿਮਾਰੀਆਂ ਹੋ ਸਕਦੀਆਂ ਹਨ।

## ਤੁਸੀਂ ਹਮਲਾਵਰ ਮੈਨਿੰਨਜੋਕੋਕੱਲ ਬਿਮਾਰੀ ਤੋਂ ਕਿਵੇਂ ਪ੍ਰਭਾਵਿਤ ਹੋ ਸਕਦੇ ਹੋ?

ਆਈ.ਐੱਮ.ਡੀ.ਪੈਦਾ ਕਰਨ ਵਾਲੇ ਜੀਵਾਣੂ ਬਿਨਾ ਕੋਈ ਅਲਾਮਤਾਂ ਪੈਦਾ ਕੀਤੇ ਸਰੀਰ ਵਿੱਚ ਜਿੰਦਾ ਰਹਿ ਸਕਦੇ ਹਨ, ਖਾਸ ਕਰ ਨੱਕ ਅਤੇ ਗਲੇ ਦੇ ਪਿਛਲੇ ਪਾਸੇ। ਆਬਾਦੀ ਦੇ 10 ਫੀ ਸਦੀ ਤਕ ਹਿੱਸੇ ਵਿੱਚ ਇਹ ਜੀਵਾਣੂ ਹਮੇਸ਼ਾ ਹੀ ਹੋ ਸਕਦੇ ਹਨ ਪਰ ਸਰਗਰਮ ਬਿਮਾਰੀ ਬਹੁਤੇ ਲੋਕਾਂ ਨੂੰ ਕਦੀ ਵੀ ਨਹੀਂ ਹੁੰਦੀ। ਖੰਘਣ ਜਾਂ ਨਿੱਛ ਮਾਰਨ ਨਾਲ ਹਵਾ ਵਿੱਚ ਜਾਣ ਵਾਲੇ ਪਾਣੀ ਦੇ ਕਤਰਿਆਂ ਰਾਹੀਂ ਇਹ ਜੀਵਾਣੂ ਫੈਲਦੇ ਹਨ।

ਕਿਸੇ ਰੋਗੀ ਦੇ ਥੁੱਕ ਵਿਚਲੇ ਜੀਵਾਣੂ ਫੈਲ ਸਕਦੇ ਹਨ ਜਦੋਂ ਆਮ ਵਰਤੋਂ ਦੀਆਂ ਚੀਜ਼ਾਂ ਕਿਸੇ ਨਾਲ ਸਾਂਝੀਆਂ ਕੀਤੀਆਂ ਜਾਂਦੀਆਂ ਹਨ, ਜਿਵੇਂ ਪੇਉ ਪਦਾਰਥ (ਬੋਤਲਾਂ, ਸਟ੍ਰਾਅ), ਸਿਗਰਟਾਂ, ਦੰਦਾਂ ਦੇ ਬੁਰਸ਼, ਲਿਪਸਟਿੱਕਾਂ ਆਦਿ।

## ਸੀਰੋਗਰੁੱਪ ਸੀ (serogroup C) ਕੀ ਹੁੰਦਾ ਹੈ?

ਆਈ.ਐੱਮ.ਡੀ.-ਸੀ. ਦੀ ਇੱਕ ਖਾਸ ਕਿਸਮ ਜਾਂ ਸੀਰੋਗਰੁੱਪ ਦਾ ਨਾਮ ਸੀਰੋਗਰੁੱਪ ਸੀ ਹੈ ਅਤੇ ਇਹ ਲੰਮੇ ਸਮੇਂ ਲਈ ਗੰਭੀਰ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੀ ਹੈ ਜਾਂ ਮੌਤ ਦਾ ਕਾਰਣ ਵੀ ਬਣ ਸਕਦੀ ਹੈ। ਆਈ.ਐੱਮ.ਡੀ.-ਸੀ ਦੇ ਸ਼ਿਕਾਰ ਵਿਅਕਤੀਆਂ ਦੀ ਚਮੜੀ ਤੇ ਖਰੀਂਢ ਪੈਦਾ ਹੋਣ, ਬੋਲਾਪਣ ਹੋਣ ਅਤੇ ਗੁਰਦਿਆਂ ਦੀਆਂ ਸਮੱਸਿਆਵਾਂ ਜਾਂ ਅੰਗ-ਪੈਰ ਕੱਟੇ ਜਾਣ ਦੀ ਨੌਬਤ ਆ ਸਕਦੀ ਹੈ।

## ਮੈਨਿੰਨਜੋਕੋਕੱਲ ਸੀ-ਕੰਜੂਗੇਟ ਵੈਕਸੀਨ ਮਹੱਤਵਪੂਰਣ ਕਿਉਂ ਹੈ?

ਬਿਮਾਰੀ ਦੇ ਸਥਾਨਕ ਤੌਰ ਤੇ ਬਹੁਤ ਵਧ ਜਾਣ ਜਾਂ ਸਕੂਲਾਂ ਅਤੇ ਭਾਈਚਾਰਿਆਂ ਵਿੱਚ ਆਈ.ਐੱਮ.ਡੀ.ਦੇ ਫੈਲਣ ਲਈ ਸੀਰੋਗਰੁੱਪ ਸੀ ਲਗਭਗ ਇਕੱਲਾ ਹੀ ਜ਼ਿੰਮੇਵਾਰ ਹੈ। ਓਨਟੇਰੀਓ ਵਿੱਚ ਆਈ.ਐੱਮ.ਡੀ.-ਸੀ. ਦੇ ਕਈ ਮਾਮਲੇ ਯੁਵਾ ਲੋਕਾਂ ਜਾਂ ਬਾਲਗਾਂ ਵਿੱਚ ਵੇਖੇ ਗਏ ਹਨ।

ਮੈਨਿੰਨਜੋਕੋਕੱਲ ਸੀ-ਕੰਜੂਗੇਟ ਟੀਕਾ ਆਈ.ਐੱਮ.ਡੀ.-ਸੀ ਤੋਂ ਲੰਮੇ ਸਮੇਂ ਲਈ ਸੁਰੱਖਿਆ ਮੁਹੱਈਆ ਕਰਦਾ ਹੈ।



PUNJABI January 2005

**ਕੀ ਇਹ ਵੈਕਸੀਨ ਆਈ.ਐੱਮ.ਡੀ. ਦੇ ਹੋਰਨਾ ਸੀਰੋਗਰੁੱਪਾਂ ਦੇ ਵਿਰੁੱਧ ਸੁਰੱਖਿਆ ਮੁਹੱਈਆ ਕਰੇਗੀ?**

ਇਹ ਵੈਕਸੀਨ ਸਿਰਫ ਸੀਰੋਗਰੁੱਪ ਸੀ ਨਾਈਸੇਰੀਆ ਮੈਨਿੰਜਾਈਟੀਡਿਸ (Neisseria meningitidis) ਵੱਲੋਂ ਪੈਦਾ ਕੀਤੇ ਆਈ.ਐੱਮ.ਡੀ. ਦੇ ਖਿਲਾਫ ਸੁਰੱਖਿਆ ਪ੍ਰਦਾਨ ਕਰਦੀ ਹੈ। ਇਹ ਵੈਕਸੀਨ ਹਮਲਾਵਰ ਮੈਨਿੰਨਜੋਕੋਕੱਲ ਬਿਮਾਰੀ ਦੇ ਹੋਰਨਾ ਸੀਰੋਗਰੁੱਪਾਂ, ਜਾਂ ਮੈਨਿੰਨਜਾਈਟਿਸ (ਦਿਮਾਗ ਦੀ ਝਿੱਲੀ ਦੀ ਸੋਜ਼ਿਸ਼) ਜਾਂ ਸੈਪਟੀਸੇਮੀਆ (ਖੂਨ ਵਿੱਚ ਛੂਤ ਦੀ ਬਿਮਾਰੀ) ਪੈਦਾ ਕਰਨ ਵਾਲੇ ਹੋਰਨਾਂ ਜੀਵਾਣੂਆਂ ਦੇ ਖਿਲਾਫ਼ ਸੁਰੱਖਿਆ ਮੁਹੱਈਆ ਨਹੀਂ ਕਰਦੀ।

**ਇਹ ਦਵਾਈ ਕਿੰਨ੍ਹੀ ਅਸਰਦਾਰ ਹੈ?**

ਯੂਨਾਈਟਿਡ ਕਿੰਗਡਮ ਵਿੱਚ ਮੈਨਿੰਨਜੋਕੋਕੱਲ ਸੀ-ਕੰਜੂਗੇਟ ਵੈਕਸੀਨ ਦੀ ਅਸਰਦਾਇਕਤਾ ਇੱਕ ਤੋਂ 17 ਸਾਲ ਦੀ ਉਮਰ ਦੇ ਬੱਚਿਆਂ ਵਿੱਚ 87 ਤੋਂ 100 ਪ੍ਰਤੀਸ਼ਤ ਵੇਖਣ ਨੂੰ ਮਿਲੀ ਹੈ। ਵੱਡੇ ਪੱਧਰ ਤੇ ਚਲਾਏ ਗਏ ਇੱਕ ਟੀਕਾਕਰਣ ਪ੍ਰੋਗਰਾਮ ਤੋਂ ਬਾਅਦ ਆਈ.ਐੱਮ.ਡੀ.-ਸੀ. ਕਾਰਣ 20 ਸਾਲ ਤੋਂ ਘੱਟ ਉਮਰ ਦੇ ਲੋਕਾਂ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ 91 ਪ੍ਰਤੀਸ਼ਤ ਕਮੀ ਹੋਈ।

**ਜਨਤਕ ਪੈਸੇ ਨਾਲ ਮੁਹੱਈਆ ਕੀਤੀ ਗਈ ਦਵਾਈ ਦਾ ਹੱਕਦਾਰ ਕੌਣ ਹੈ?**

ਉਨਾਂ ਲੋਕਾਂ ਨੂੰ ਛੂਤ ਹੋਣ ਦਾ ਸਭ ਤੋਂ ਵਧੇਰੇ ਖਤਰਾ ਹੈ ਜਿਹੜੇ ਆਈ.ਐੱਮ.ਡੀ.-ਸੀ. ਦੇ ਕਿਸੇ ਰੋਗੀ ਦੇ ਕਰੀਬੀ ਸੰਪਰਕ ਵਿੱਚ ਰਹੇ ਹੋਣ। ਇਹ ਲੋਕ ਪਹਿਲਾਂ ਹੀ ਮੈਨਿੰਨਜੋਕੋਕੱਲ ਸੀ-ਕੰਜੂਗੇਟ ਵੈਕਸੀਨ ਮੁਫਤ ਪ੍ਰਾਪਤ ਕਰਨ ਦੇ ਹੱਕਦਾਰ ਹਨ।

ਨਾਲ ਹੀ, ਇੱਕ ਸਾਲ ਦੀ ਉਮਰ ਦੇ ਬੱਚੇ ਜੋ 1 ਸਤੰਬਰ 2003 ਨੂੰ ਜਾਂ ਇਸ ਤੋਂ ਬਾਅਦ ਪੈਦਾ ਹੋਏ ਹੋਣ, ਆਪਣੇ ਨਿਤਾਪ੍ਰਤੀ ਦੇ ਟੀਕਾਕਰਣ ਦੇ ਹਿੱਸੇ ਵਜੋਂ ਮੈਨਿੰਨਜੋਕੋਕੱਲ ਸੀ-ਕੰਜੂਗੇਟ ਟੀਕਾ ਲਗਵਾ ਸਕਦੇ ਹਨ।

ਪਹਿਲੀ ਜਨਵਰੀ 2005 ਤੋਂ ਆਰੰਭ ਹੋ ਕੇ, ਜਨਤਕ ਪੈਸੇ ਨਾਲ ਮੁਹੱਈਆ ਕੀਤੀ ਜਾਣ ਵਾਲੀ ਇਹ ਦਵਾਈ 12 ਸਾਲ ਦੀ ਉਮਰ ਦੇ ਬੱਚਿਆਂ (ਆਮ ਤੌਰ ਤੇ ਜੋ ਗਰੇਡ 7 ਦੇ ਵਿਦਿਆਰਥੀ ਹੁੰਦੇ ਹਨ) ਅਤੇ 15 ਤੋਂ 19 ਸਾਲ ਦੀ ਉਮਰ ਦੇ ਯੁਵਕਾਂ, ਅਤੇ ਸਿਹਤ ਮੁਸ਼ਕਲਾਂ ਵਾਲੇ ਲੋਕਾਂ (ਜਿਵੇਂ ਕਾਰਜਕਤਾ ਜਾਂ ਸੰਰਚਨਾਤਮਕ ਐਸਪਲੇਨੀਆ - functional or anatomic asplenia), ਜਾਂ ਪੂਰਕ, ਪ੍ਰੋਪਰਡਿਨ (properdin) ਜਾਂ ਫੈਕਟਰ ਡੀ (factor D deficiency) ਦੀ ਘਾਟ, ਜਿਸ ਕਾਰਣ ਉਨ੍ਹਾਂ ਨੂੰ ਆਈ.ਐੱਮ.ਡੀ. ਦਾ ਵਧੇਰੇ ਖਤਰਾ ਰਹਿੰਦਾ ਹੈ, ਲਈ ਵੀ ਉਪਲਬਧ ਹੋਵੇਗੀ।

**ਕੀ ਇਸ ਦਵਾਈ ਦੇ ਕੋਈ ਮਾੜੇ ਪ੍ਰਭਾਵ ਹਨ?**

ਬਹੁਤੇ ਮਾੜੇ ਅਸਰ ਹਲਕੇ ਪੱਧਰ ਦੇ ਹੀ ਹੁੰਦੇ ਹਨ ਅਤੇ ਇਨ੍ਹਾਂ ਵਿੱਚ ਦਰਦ, ਲਾਲੀ, ਟੀਕੇ ਵਾਲੀ ਥਾਂ ਤੇ ਖੁਜਲੀ ਜਾਂ ਧੱਫੜ ਹੋਣਾ ਸ਼ਾਮਿਲ ਹੈ। ਹੋਰ ਮਾੜੇ ਅਸਰਾਂ ਵਿੱਚ ਸਿਰ ਦਰਦ, ਚੱਕਰ ਆਉਣੇ ਜਾਂ ਜੀਅ ਕੱਚਾ ਹੋਣਾ ਹੋ ਸਕਦਾ ਹੈ।

ਗੰਭੀਰ ਮਾੜੇ ਅਸਰ ਬਹੁਤ ਘੱਟ ਹੁੰਦੇ ਹਨ।

ਕਿਰਪਾ ਕਰ ਕੇ ਕਿਸੇ ਵੀ ਮਾੜੇ ਅਸਰ ਦੀ ਇਤਲਾਹ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਜਾਂ ਸਥਾਨਕ ਸਿਹਤ ਸੇਵਾ ਇਕਾਈ ਨੂੰ ਕਰੋ।

**ਇਹ ਵੈਕਸੀਨ ਕਿਸ ਨੂੰ ਨਹੀਂ ਲੈਣੀ ਚਾਹੀਦੀ?**

ਓਹ ਵਿਅਕਤੀ ਜਿਨ੍ਹਾਂ ਨੂੰ ਟੀਕੇ ਵਿਚਲੀ ਦਵਾਈ ਤੋਂ ਜਾਂ ਦਵਾਈ ਦੇ ਕਿਸੇ ਵੀ ਅੰਸ਼ ਤੋਂ ਅਲਰਜੀ ਹੈ, ਜਾਂ ਜੇ ਕਰ ਉਨ੍ਹਾਂ ਨੂੰ ਦਵਾਈ ਦੀ ਕਿਸੇ ਪਹਿਲੀ ਖੁਰਾਕ ਤੋਂ ਕੋਈ ਬੇਹੱਦ ਸੰਵੇਦਨਸ਼ੀਤਾ ਵਾਲਾ ਪ੍ਰਤੀਕਰਮ ਮਹਿਸੂਸ ਹੋਇਆ ਹੋਵੇ, ਨੂੰ ਇਹ ਟੀਕਾ ਨਹੀਂ ਲਵਾਉਣਾ ਚਾਹੀਦਾ।

ਗਰਭ-ਕਾਲ ਦੌਰਾਨ ਸੁਰੱਖਿਆ ਬਾਰੇ ਕੋਈ ਇੰਦਰਾਜ ਮੌਜੂਦ ਨਹੀਂ ਹਨ।

**ਤੁਹਾਨੂੰ ਕਿਸੇ ਵੀ ਵੈਕਸੀਨ ਦੇ ਫਾਇਦੇ ਅਤੇ ਖਤਰੇ ਹਮੇਸ਼ਾ ਆਪਣੇ ਡਾਕਟਰ/ਨਰਸ ਪ੍ਰੈਕਟੀਸ਼ਨਰ ਜਾਂ ਸਥਾਨਕ ਸਿਹਤ ਸੇਵਾ ਇਕਾਈ ਨਾਲ ਵਿਚਾਰ ਲੈਣੇ ਚਾਹੀਦੇ ਹਨ।**

**ਮੈਨੂੰ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਨਾਲ ਕਦੋਂ ਸੰਪਰਕ ਕਰਨਾ ਚਾਹੀਦਾ ਹੈ?**

ਤੁਹਾਨੂੰ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਨਾਲ ਸੰਪਰਕ ਕਰਨਾ ਚਾਹੀਦਾ ਹੈ ਜਾਂ ਨੇੜੇ ਦੇ ਹਸਪਤਾਲ ਦੇ ਐਮਰਜੈਂਸੀ ਵਿਭਾਗ ਚਲੇ ਜਾਣਾ ਚਾਹੀਦਾ ਹੈ ਜੇ ਕਰ ਤੁਹਾਡੇ ਬੱਚੇ ਨੂੰ ਟੀਕਾ ਲੱਗਣ ਦੇ ਤਿੰਨ ਦਿਨ ਦੇ ਅੰਦਰ-ਅੰਦਰ ਹੇਠ ਲਿਖਿਆਂ ਵਿੱਚੋਂ ਕੋਈ ਵੀ ਅਲਾਮਤਾਂ ਹੋਣ:

- ਛਪਾਕੀ
- ਮੂੰਹ ਅਤੇ ਗਲੇ ਵਿੱਚ ਸੋਜਿਸ਼
- ਸਾਹ ਲੈਣ ਵਿੱਚ ਔਖ, ਗਲਾ ਬੈਠਣਾ, ਜਾਂ ਸਾਹ ਲੈਂਦਿਆਂ ਸੂਕਣਾ
- ਜ਼ਿਆਦਾ ਬੁਖਾਰ (40° ਸੀ ਜਾਂ 104° ਐੱਫ ਤੋਂ ਵਧੇਰੇ) ਹੋਣਾ
- ਕੜਵੱਲ ਜਾਂ ਦੌਰੇ ਪੈਣਾ
- ਵੈਕਸੀਨ ਦੇ ਹੋਰ ਗੰਭੀਰ ਮਾੜੇ ਅਸਰ

**ਜੇ ਕਰ ਮੈਂ ਕੋਈ ਸਵਾਲ ਪੁੱਛਣੇ ਹੋਣ ਤਾਂ ਕਿਸ ਨਾਲ ਗੱਲ ਕਰਾਂ?**

ਵਧੇਰੇ ਜਾਣਕਾਰੀ ਲਈ ਕਿਰਪਾ ਕਰ ਕੇ ਆਪਣੇ ਡਾਕਟਰ/ ਨਰਸ ਪ੍ਰੈਕਟੀਸ਼ਨਰ ਜਾਂ ਆਪਣੀ ਸਥਾਨਕ ਸਿਹਤ ਇਕਾਈ ਨਾਲ ਸੰਪਰਕ ਕਰੋ।

**ਮੈਂ ਆਪਣੇ ਬੱਚੇ ਦੇ ਟੀਕਾਕਰਣ ਦਾ ਲੇਖਾ ਕਿਵੇਂ ਰੱਖਾਂ?**

ਤੁਹਾਡੇ ਬੱਚੇ ਨੂੰ ਕੋਈ ਵੀ ਟੀਕਾ ਲਗਾਏ ਜਾਣ ਤੋਂ ਬਾਅਦ, ਇਹ ਯਕੀਨੀ ਬਣਾਉ ਕਿ ਟੀਕਾਕਰਣ ਦੇ ਉਸ ਦੇ ਨਿੱਜੀ ਰਿਕਾਰਡ (ਜਿਸ ਨੂੰ ਕਦੀ-ਕਦੀ ਯੈਲੋ ਜਾਂ ਪੀਲਾ ਕਾਰਡ ਵੀ ਕਿਹਾ ਜਾਂਦਾ ਹੈ) ਵਿੱਚ ਇੰਦਰਾਜ ਕਰ ਦਿੱਤਾ ਜਾਵੇ। ਇਸ ਨੂੰ ਸੰਭਾਲ ਕੇ ਰੱਖੋ। ਜਦੋਂ ਤੁਸੀਂ ਆਪਣੇ ਬੱਚੇ ਨੂੰ ਸਕੂਲ ਜਾਂ ਡੇ-ਕੇਅਰ ਵਿਖੇ ਦਾਖਲ ਕਰਾਉਂਦੇ ਹੋ, ਤੁਹਾਨੂੰ ਇਹ ਕਾਰਡ ਵਿਖਾਉਣ ਲਈ ਆਖਿਆ ਜਾ ਸਕਦਾ ਹੈ।

**ਵਧੇਰੇ ਜਾਣਕਾਰੀ ਲਈ**

ਸਿਹਤ ਸੇਵਾਵਾਂ ਅਤੇ ਵਸੀਲਿਆਂ ਬਾਰੇ ਵਧੇਰੇ ਜਾਣਕਾਰੀ ਲਈ:
www.health.gov.on.ca

ਖਪਤਕਾਰ-ਪੱਖੀ ਸਿਹਤ ਨੁਕਤਿਆਂ ਅਤੇ ਜਾਣਕਾਰੀ ਲਈ:
www.HealthyOntario.com

ਜਾਣਕਾਰੀ ਲਈ ਟੈਲੀਫੋਨ ਨੰਬਰ (ਇਨਫੋਲਾਈਨ):
1-877-234-4343 ਓਨਟੇਰੀਓ ਵਿੱਚ ਟੌਲ-ਫ੍ਰੀ
ਟੀ.ਟੀ.ਵਾਈ.: 1-800-387-5559

ਟੈਲੀਹੈਲਥ ਓਨਟੇਰੀਓ: 1-866-797-0000
ਟੀ.ਟੀ.ਵਾਈ.: 1-866-797-0007

Version française disponible en communiquant
avec le 1 877 234-4343 ATS : 1 800 387-5559
ਵੈੱਬ www.SanteOntario.com